ਤੁਸੀਂ ਮੇਰੀ ਉਸ ਤਰ੍ਹਾਂ ਵੱਧਕੇ ਸਿਫ਼ਤ ਨਾ ਕਰੋ ਜਿਵੇਂ ਨਸਾਰਾ (ਈਸਾਈਆਂ) ਨੇ ਮਰਯਮ ਦੇ ਬੇਟੇ ਈਸਾ (ਅ.) ਦੀ ਕੀਤੀ ਸੀ; ਮੈਂ ਸਿਰਫ਼ ਅੱਲਾਹ ਦਾ ਬੰਦਾ ਹਾਂ। ਇਸ ਲਈ ਮੈਨੂੰ ਅੱਲਾਹ ਦਾ ਬੰਦਾ ਅਤੇ ਉਸ ਦਾ ਰਸੂਲ ਕਹੋ।

ਉਮਰ ਬਿਨ ਖ਼ੱਤਾਬ (ਰਜ਼ੀਅੱਲਾਹੁ ਅਨਹੁ) ਤੋਂ ਰਿਵਾਇਤ ਹੈ ਕਿ ਉਹ ਕਹਿੰਦੇ ਹਨ ਕਿ ਮੈਂ ਨਬੀ ਕਰੀਮ صلى الله عليه وسلم
ਨੂੰ ਇਹ ਕਹਿੰਦੇ ਹੋਏ ਸੁਣਿਆ: "ਤੁਸੀਂ ਮੇਰੀ ਉਸ ਤਰ੍ਹਾਂ ਵੱਧਕੇ ਸਿਫ਼ਤ ਨਾ ਕਰੋ ਜਿਵੇਂ ਨਸਾਰਾ (ਈਸਾਈਆਂ) ਨੇ ਮਰਯਮ ਦੇ ਬੇਟੇ ਈਸਾ (ਅ.) ਦੀ ਕੀਤੀ ਸੀ; ਮੈਂ ਸਿਰਫ਼ ਅੱਲਾਹ ਦਾ ਬੰਦਾ ਹਾਂ। ਇਸ ਲਈ
ਮੈਨੂੰ ਅੱਲਾਹ ਦਾ ਬੰਦਾ ਅਤੇ ਉਸ ਦਾ ਰਸੂਲ ਕਹੋ।" [صحيح] [رواه البخاري]

ਨਬੀ ਕਰੀਮ صلى الله عليه وسلم ਇਸ ਗੱਲ ਤੋਂ ਮਨਾਹ ਕਰਦੇ ਹਨ ਕਿ ਉਨ੍ਹਾਂ ਦੀ ਤਾਰੀਫ਼ ਵਿੱਚ ਸ਼ਰੀਅਤ ਦੀ ਹੱਦ ਤੋਂ ਅੱਗੇ ਲੰਘਿਆ ਜਾਵੇ ਜਾਂ ਉਨ੍ਹਾਂ ਨੂੰ ਅੱਲਾਹ ਦੀ ਖਾਸ ਸਿਫ਼ਤਾਂ ਤੇ ਅਮਲਾਂ ਨਾਲ ਸੰਬੋਧਨ ਕੀਤਾ ਜਾਵੇ — ਉਦਾਹਰਣ ਲਈ ਇਹ ਕਹਿ ਦਿੱਤਾ ਜਾਵੇ ਕਿ ਆਪ صلى الله عليه وسلم ਗੈਬ ਨੂੰ ਜਾਣਦੇ ਹਨ ਜਾਂ ਉਨ੍ਹਾਂ ਨੂੰ ਅੱਲਾਹ ਦੇ ਨਾਲ ਪੁਕਾਰਿਆ ਜਾਵੇ — ਜਿਵੇਂ ਕਿ ਨਸਾਰਾ ਨੇ ਈਸਾ ਬਿਨ ਮਰਯਮ (ਅ.) ਨਾਲ ਕੀਤਾ ਸੀ। ਫੇਰ ਉਨ੍ਹਾਂ ਨੇ ਦੱਸਿਆ ਕਿ ਉਹ ਅੱਲਾਹ ਦੇ ਬੰਦਿਆਂ ਵਿੱਚੋਂ ਇੱਕ ਬੰਦਾ ਹਨ, ਅਤੇ ਹੁਕਮ ਦਿੱਤਾ ਕਿ ਅਸੀਂ ਉਨ੍ਹਾਂ ਬਾਰੇ ਇਹ ਕਹੀਏ: ਅੱਲਾਹ ਦਾ ਬੰਦਾ ਅਤੇ ਉਸ ਦਾ ਰਸੂਲ।

https://www.sunnah.global/hadeeth/pa/show/3406